ਨੰ: 21/28/12-5ਸਿ5/ 900581/1

ਪੰਜਾਬ ਸਰਕਾਰ
ਸਿਹਤ ਅਤੇ ਪਰਿਵਾਰ ਭਲਾਈ ਵਿਭਾਗ,
(ਸਿਹਤ 5 ਸ਼ਾਖਾ)

ਵੱਲ

ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ/ਪੰਜਾਬ ਤੇ ਹਰਿਆਣਾ ਹਾਈ ਕੋਰਟ,
ਸਮੂਹ ਡਿਪਟੀ ਕਮਿਸ਼ਨਰਜ਼,ਜਿਲ੍ਹਾ ਅਤੇ ਸੈਸ਼ਨ ਜੱਜ,
ਸਿਵਲ ਸਰਜਨ, ਅਤੇ ਪ੍ਰਿਸੀਪਲ ਮੈਡੀਕਲ ਕਾਲਜ, ਅੰਮ੍ਰਿਤਸਰ,
ਫਰੀਦਕੋਟ ਅਤੇ ਪਟਿਆਲਾ।

ਮਿਤੀ ਚੰਡੀਗੜ੍ਹ :28/12/2016

ਵਿਸ਼ਾ: ਪੰਜਾਬ ਸਰਕਾਰ ਦੇ ਮੁਲਾਜਮਾਂ/ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਚਲ ਰਹੀ ਕੈਸ਼ਲੈਸ ਹੈਲਥ ਇੰਸ਼ੋਰੇਂਸ ਸਕੀਮ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਮੁਲਾਜਮਾਂ/ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਜੋ ਕੈਸ਼ਲੈਸ ਸਕੀਮ ਮਿਤੀ 1.1.2016 ਨੂੰ ਸ਼ੁਰੂ ਕੀਤੀ ਗਈ ਸੀ ਅਤੇ ਜਿਸ ਦੀ ਮਿਆਦ ਮਿਤੀ 31.12.2016 ਨੂੰ ਖਤਮ ਹੋ ਰਹੀ ਹੈ, ਨੂੰ ਹਾਲ ਦੀ ਘੜੀ ਅਗਲੇ ਸਾਲ ਲਈ ਚਾਲੂ ਨਾ ਰੱਖਣ ਦਾ ਸਰਕਾਰ ਵੱਲੋਂ ਫੈਸਲਾ ਕੀਤਾ ਗਿਆ ਹੈ।

2. ਮਿਤੀ 1.1.2017 ਤੋਂ ਮੈਡੀਕਲ ਬਿਲ੍ਹਾਂ ਦੀ ਪ੍ਰਤੀ-ਪੂਰਤੀ ਸਟੇਟ ਸਰਵਿਸ ਮੈਡੀਕਲ ਅਟੈਂਡੈਂਟ ਰੂਲ (ਸੀ.ਐਸ.ਐਮ.ਏ.) ਰੂਲ, 1940 ਤਹਿਤ ਖਜਾਨੇ ਰਾਹੀਂ ਇੰਸ਼ੋਰੇਂਸ ਸਕੀਮ ਲਾਗੂ ਹੋਣ ਤੋਂ ਪਹਿਲਾਂ ਵਾਲੀ ਵਿਧੀ ਅਨੁਸਾਰ ਮੁਲਾਜਮਾਂ/ਪੈਨਸ਼ਨਰਾਂ ਨੂੰ ਕੀਤੀ ਜਾਵੇਗੀ।

3. ਜੋ ਕੋਈ ਮੁਲਾਜਮ/ਪੈਨਸ਼ਨਰ ਜਾਂ ਉਸ ਦਾ ਆਸ਼ਰਿਤ ਮਿਤੀ 31.12.2016 ਨੂੰ ਜਾਂ ਇਸ ਤੋਂ ਪਹਿਲਾਂ ਕਿਸੇ ਪੰਜੀਕ੍ਰਿਤ ਹਸਪਤਾਲ ਵਿੱਚ ਦਾਖਲ ਹੁੰਦਾ ਹੈ ਪਰ ਉਸ ਦਾ ਇਲਾਜ ਮਿਤੀ 31.12.2016 ਤੋਂ ਬਾਅਦ ਤੱਕ ਚਲਦਾ ਹੈ ਤਾ ਉਨ੍ਹਾਂ ਬਿਲ੍ਹਾਂ ਦੀ ਪ੍ਰਤੀ-ਪੂਰਤੀ ਕੈਸ਼ਲੈਸ ਸਕੀਮ ਤਹਿਤ ਓਰੀਐਂਟਲ ਇੰਸ਼ੋਰੇਂਸ ਕੰਪਨੀ ਵੱਲੋਂ ਕੀਤੀ ਜਾਵੇਗੀ।

4. ਉਪਰੋਕਤ ਫੈਸਲੇ ਦੀ ਜਾਣਕਾਰੀ ਆਪ ਜੀ ਦੇ ਅਧੀਨ ਆਉਂਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਿਸ਼ਵਾਸਪਾਤਰ

ਧਰਮ ਦੇਵੀ
ਉਪ ਸਕੱਤਰ,ਸਿਹਤ

ਇਸ ਦਾ ਇਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਧਰਮ ਦੇਵੀ
ਉਪ ਸਕੱਤਰ,ਸਿਹਤ